
# ਪਰਮੇਸ਼ੁਰ ਦੇ ਮੌਤ ਦੇ ਦੂਤ ਨੇ ਦੁਸ਼ਟ ਰਾਜੇ ਨੂੰ ਉਸਦੇ ਗੁਲਾਮਾਂ ਨੂੰ ਅਜ਼ਾਦ ਕਰਨ ਲਈ ਮਜ਼ਬੂਰ ਕੀਤਾ

ਪ੍ਰਾਰਥਨਾ : ''ਪਿਆਰੇ ਪ੍ਰਭੂ, ਬੱਚਿਆਂ ਦੀ ਮਦਦ ਕਰ ਕਿ ਉਹ ਤੇਰੇ ਉੱਤੇ ਭਰੋਸਾ ਕਰਨ ਕਿ ਤੂੰ ਲੋਕਾਂ ਨੂੰ ਪਾਪ, ਮੌਤ ਅਤੇ ਦੁਸ਼ਟ ਆਤਮਾਵਾਂ ਦੀ ਗੁਲਾਮੀ ਤੋਂ ਅਜ਼ਾਦ ਕਰਦਾ ਹੈ।''



ਮੌਤ ਦਾ ਦੂਤ

ਵੱਡੇ ਬੱਚਿਆਂ ਜਾਂ ਬਾਲਗਾਂ ਨੂੰ, ਹੇਠਾਂ ਦਿੱਤੇ ਗਏ ਨਾਟਕ ਦੇ ਤਿੰਨਾਂ ਭਾਗਾਂ ਦੇ ਗਿਣਤੀ ਦੀਆਂ ਨੌਂ ਕਿਸਮਾਂ ਕਹਾਣੀ ਦੇ ਖੁਲਾਸੇ ਵਿੱਚ ਇਸਤੇਮਾਲ ਕਰਦਿਆਂ, ਗੁਲਾਮੀ ਤੋਂ ਇਸਰਾਏਲ ਦੇ ਬਚਾਓ ਦਾ ਵਰਣਨ ਕਰਨ ਦਿਓ।

ਗੁਲਾਮੀ ਵਿੱਚੋਂ ਇਸਰਾਏਲ ਦੇ ਬਚਾਓ ਨੂੰ ਤਿੰਨ ਭਾਗਾਂ ਵਿੱਚ ਨਾਟਕ ਦੇ ਰੂਪ ਵਿੱਚ ਪੇਸ਼ ਕਰੋ (ਕੂਚ 11-15 ਅਧਿਆਏ):

- ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਬੱਚਿਆਂ ਨੂੰ ਇਹ ਨਾਟਕ ਜਾਂ ਇਸ ਦਾ ਭਾਗ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਬੱਚਿਆਂ ਨੂੰ ਸਿੱਖਿਆ ਦੇਣ ਦੇ ਆਪਣੇ ਸਮੇਂ ਵਿੱਚ ਇਸ ਨਾਟਕ ਦਾ ਅਭਿਆਸ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ
- ਤੁਹਾਨੂੰ ਸਾਰੇ ਭਾਗਾਂ ਦਾ ਪ੍ਰਯੋਗ ਕਰਨ ਦੀ ਲੋੜ ਨਹੀਂ ਹੈ।
- ਵੱਡੇ ਬੱਚਿਆਂ ਨੂੰ ਫ਼ਿਰਊਨ, ਡਰਪੋਕ ਬੱਚੇ, ਕਥਾਵਾਚਕ ਅਤੇ ਮੂਸਾ ਦਾ ਕਿਰਦਾਰ ਅਦਾ ਕਰਨ ਦਿਓ।
- ਛੋਟੇ ਬੱਚਿਆਂ ਨੂੰ ਉਹ ਅਦਾਕਾਰ ਬਣਨ ਦਿਓ, ਜਿਹੜੇ ਵੱਖ-ਵੱਖ ਕਿਰਦਾਰ ਅਦਾ ਕਰਦੇ ਹਨ।

## ਪਹਿਲ ਭਾਗ

ਕਥਾਵਾਚਕ : ਸੰਖੇਪ ਵਿੱਚ ਕਹਾਣੀ ਦੇ ਪਹਿਲੇ ਭਾਗ ਦਾ ਖੁਲਾਸਾ ਕਰੋ :

1) ਬੇਰੈਹਮ ਮਿਸਰੀਆਂ ਨੇ ਪਰਮੇਸ਼ੁਰ ਦੇ ਲੋਕਾਂ ਨੂੰ ਛਾਂਟਿਆਂ ਨਾਲ ਮਾਰਿਆ ਅਤੇ ਉਨ੍ਹਾਂ ਨਾਲ ਗੁਲਾਮਾਂ ਵਾਂਗੂ ਕੰਮ ਕਰਨ ਲਈ ਜਬਰਦਸਤੀ ਕੀਤੀ।
2) ਪਰਮੇਸ਼ੁਰ ਨੇ ਉਨ੍ਹਾਂ ਦੀ ਦੁਹਾਈ ਸੁਣੀ ਅਤੇ ਮੂਸਾ ਨੂੰ ਦੁਸ਼ਟ ਰਾਜਾ ਫ਼ਿਰਊਨ ਕੋਲ ਗੁਲਾਮਾਂ ਨੂੰ ਅਜ਼ਾਦ ਕਰਨ ਲਈ ਕਹਿਣ ਨੂੰ ਭੇਜਿਆ।
3) ਫ਼ਿਰਊਨ ਨੇ ਇਨਕਾਰ ਕਰ ਦਿੱਤਾ, ਇਸ ਲਈ ਪਰਮੇਸ਼ੁਰ ਨੇ ਫ਼ਿਰਊਨ ਨੂੰ ਗੁਲਾਮਾਂ ਨੂੰ, ਅਜ਼ਾਦ ਕਰਨ ਲਈ ਮਜ਼ਬੂਰ ਕੀਤਾ।

ਫਿਰ ਕਹੋ, ''ਸੁਣੋ ਦੁਸ਼ਟ ਰਾਜਾ ਫ਼ਿਰਊਨ ਕੋਲੋਂ ਮੂਸਾ ਨੇ ਕੀ ਮੰਗ ਕੀਤੀ।''

ਮੂਸਾ : ''ਇਸਰਾਏਲ ਦਾ ਯਹੋਵਾਹ, ਪਰਮੇਸ਼ੁਰ ਆਪਣੇ ਲੋਕਾਂ ਨੂੰ ਤੇਰੀ ਗੁਲਾਮੀ ਤੋਂ ਆਜ਼ਾਦ ਕਰਨ ਲਈ ਕਹਿੰਦਾ ਹੈ।''

ਫ਼ਿਰਊਨ : ''ਤੇਰਾ ਪਰਮੇਸ਼ੁਰ ਕੌਣ ਹੈ, ਜਿਸਦੀ ਮੈਨੂੰ ਆਗਿਆ ਮੰਨਣੀ ਚਾਹੀਦੀ ਹੈ? ਮਿਸਰ ਦੇ ਬਹੁਤ ਸਾਰੇ ਦੇਵੀ ਦੇਵਤੇ ਉਸ ਤੋਂ ਜਿਆਦਾ ਸ਼ਕਤੀਸ਼ਾਲੀ ਹਨ!''

ਮੂਸਾ : ''ਸਾਡਾ ਪਰਮੇਸ਼ੁਰ ਇਸ ਗੱਲ ਨੂੰ ਸਾਬਿਤ ਕਰਨ ਲਈ ਬਵਾਂ ਘੱਲੇਗਾ ਕਿ ਤੇਰੀਆਂ ਮੂਰਤੀਆਂ ਨਾਲੋਂ ਉਸ ਕੋਲ ਜ਼ਿਆਦਾ ਸ਼ਕਤੀ ਹੈ।''

ਕਥਾਵਾਚਕ : ਪਹਿਲੀ ਬਵਾ! ਪ੍ਰਾਚੀਨ ਮਿਸਰੀਆਂ ਨੇ ਨਾਇਲ ਨਦੀ ਦਾ ਵਿਰੋਧ ਕੀਤਾ, ਪਰਮੇਸ਼ੁਰ ਨੇ ਇਸ ਲਈ ਇਸ ਨੂੰ ਲਹੂ ਵਿੱਚ ਬਦਲ ਦਿੱਤਾ।''

ਫ਼ਿਰਊਨ : ''ਸਾਡੇ ਸਾਰੇ ਦਰਿਆਵਾਂ ਵਿੱਚੋਂ ਸੜਿਆਹਣ ਆਉਂਦੀ ਹੈ, ਪਰ ਮੇਰੇ ਲੋਕ ਤਾਜਾ ਪਾਣੀ ਪੀਣ ਲਈ ਦਰਿਆ ਪੁੱਟ ਰਹੇ ਹਨ।''

ਅਦਾਕਾਰ : ਡੱਡੂਆਂ ਵਾਗੂੰ ਭੁੜਕੋ।

ਕਥਾਵਾਚਕ : ''ਦੂਜੀ ਬਵਾ! ਡੱਡੂ! ਸੁਣੋ ਫ਼ਿਰਊਨ ਅਤੇ ਉਸਦੇ ਲੋਕ ਡੱਡੂਆਂ ਬਾਰੇ ਕੀ ਕਹਿੰਦੇ ਹਨ।''

ਫ਼ਿਰਊਨ : ''ਹਰ ਜਗ੍ਹਾ ਡੱਡੂ ਹਨ! ਸਗੋਂ ਮੇਰੇ ਸੌਣ ਵਾਲੇ ਕਮਰੇ ਵਿੱਚ ਵੀ! ਉਨ੍ਹਾਂ ਨੂੰ ਬਾਹਰ ਕੱਢੋ!''

ਅਦਾਕਾਰ : ਆਪਣੀਆਂ ਬਾਹਾਂ, ਧੌਣ ਅਤੇ ਚੇਹਰੇ ਤੇ ਧੱਫੇ ਮਾਰੋ। ਮੱਖਾਂ ਬਾਰੇ ਬੁੜਬੜਾਓ

ਕਥਾਵਾਚਕ : ''ਤੀਜ਼ੀ ਬਵਾ! ਜੂਆਂ! ਸੁਣੋ ਲੋਕ ਜੂਆਂ ਬਾਰੇ ਕੀ ਕਹਿਦੇ ਹਨ।''

ਅਦਾਕਾਰ : ਆਪਣੇ ਆਲੇ ਦੁਆਲੇ ਮੱਖੀਆਂ ਮਾਰੋ ਅਤੇ ਉਨ੍ਹਾਂ ਬਾਰੇ ਬੁੜਬੜਾਓ।

ਕਥਾਵਾਚਕ : ''ਚੌਥੀ ਬਵਾ! ਮੱਖੀਆਂ! ਵੇਖੋ ਫ਼ਿਰਊਨ ਅਤੇ ਉਸਦੇ ਲੋਕ ਮੱਖੀਆਂ ਨਾਲ ਕੀ ਕਰਦੇ ਹਨ।''

ਅਦਾਕਾਰ : ਆਪਣੇ ਹੱਥਾਂ ਅਤੇ ਗੋਡਿਆਂ ਭਾਰ ਚੱਲਕੇ ਗਊਆਂ ਵਰਗੀ ਅਵਾਜ਼ ਕੱਢੋ। ਆਪਣੇ ਪੈਰ ਹਵਾ ਵਿੱਚ ਕਰਕੇ ਵਿਲਕੋ।

ਕਥਾਵਾਚਕ : ''ਪੰਜਵੀਂ ਬਵਾ! ਪਸ਼ੂਆਂ ਨੂੰ ਲੱਗਣ ਵਾਲੀ ਘਾਤਕ ਬਿਮਾਰੀ! ਵੇਖੋ ਗਊਆਂ ਕੀ ਕਰਦੀਆਂ ਹਨ।''

ਫ਼ਿਰਊਨ ਅਤੇ ਅਦਾਕਾਰ : ਕੁਝ ਉਨ੍ਹਾਂ ਦੀਆਂ ਬਾਹਾਂ ਫੱੜਕੇ, ਦੂਜੇ ਉਨ੍ਹਾਂ ਦੇ ਚੇਹਰੇ। ਦੁੱਖ ਵਿੱਚ ਰੋਣ।

ਕਥਾਵਾਚਕ : ''ਛੇਵੀਂ ਬਵਾ! ਫੋੜੇ! ਵੇਖੋ, ਫ਼ਿਰਊਨ ਅਤੇ ਉਸਦੇ ਲੋਕ ਫੋੜਿਆਂ ਬਾਰੇ ਕੀ ਕਰਦੇ ਹਨ''

ਅਦਾਕਾਰ : ਉਤਾਂਹ ਵੇਖਣ ਅਤੇ ਆਪਣੇ ਚੇਹਰਿਆਂ ਨੂੰ ਗੜਿਆਂ ਦੇ ਪੱਥਰਾਂ ਤੋਂ ਬਚਾਉਣ ਦਾ ਢੋਂਗ ਕਰਨ। ਫਿਰ ਡਿੱਗ ਪੈਣ।

ਕਥਾਵਾਚਕ : ''ਸੱਤਵੀਂ ਬਵਾ! ਗੜੇ! ਵੇਖੋ ਮੂਰਤੀ ਪੂਜਕ ਕੀ ਕਰਦੇ ਹਨ ਜਦੋਂ ਗੜੇ ਡਿੱਗਦੇ ਹਨ।''

ਅਦਾਕਾਰ : ਘਾਹ ਦੇ ਟਿੱਡਿਆਂ ਵਾਗੂੰ ਆਲੇ ਦੁਆਲੇ ਉਛਲਣ

ਫ਼ਿਰਊਨ : ''ਉਨ੍ਹਾਂ ਨੂੰ ਰੋਕੋ! ਮੂਸਾ! ਉਹ ਸਾਡੀਆਂ ਸਾਰੀਆਂ ਫਸਲਾਂ ਖਾ ਰਹੇ ਹਨ!''

ਕਥਾਵਾਚਕ : ''ਅੱਠਵੀਂ ਬਵਾ! ਘਾਹ ਦੇ ਟਿੱਡੇ! ਵੇਖੋ ਘਾਹ ਦੇ ਟਿੱਡੇ ਕੀ ਕਰਦੇ ਹਨ।

ਅਦਾਕਾਰ : ਅੰਨ੍ਹਿਆਂ ਵਾਂਗੂੰ ਇੱਧਰ ਉੱਧਰ ਘੁੰਮੋ। ਬੁੜਬੜਾਓ ਕਿ ਅਨ੍ਹੇਰਾ ਬਹੁਤ ਹੈ ਕੁਝ ਨਹੀਂ ਵਿਖਦਾ। ਆਪਣੇ ਹੱਥਾਂ ਨੂੰ ਖੜੇ ਕਰਕੇ ਆਪਣੇ ਸਾਹਮਣੇ ਰਸਤੇ ਨੂੰ ਮਹਿਸੂਸ ਕਰੋ। ਇਕ ਦੂਜੇ ਵਿੱਚ ਜ਼ੋਰ ਨਾਲ ਵੱਜੋ ਅਤੇ ਡਿੱਗ ਪਓ।

ਕਥਾਵਾਚਕ : ''ਨੌਵੀਂ ਬਵਾ! ਮਿਸਰੀਆਂ ਨੇ ਸੂਰਜ ਦੀ ਅਰਾਧਨਾ ਕੀਤੀ, ਇਸ ਲਈ ਪਰਮੇਸ਼ੁਰ ਨੇ ਅਨ੍ਹੇਰਾ ਭੇਜਿਆ। ਵੇਖੋ ਲੋਕ ਕੀ ਕਰਦੇ ਹਨ।''

## ਦੂਜਾ ਭਾਗ

ਕਥਾਵਾਚਕ : ਸੰਖੇਪ ਵਿੱਚ ਕਹਾਣੀ ਦੇ ਦੂਜੇ ਭਾਗ ਦਾ ਖੁਲਾਸਾ ਕਰੇ:

1) ਆਖ਼ਰੀ ਬਵਾ ਵਿੱਚ ਮੌਤ ਦਾ ਦੂਤ ਦੇਸ਼ ਉੱਤੇ ਉੱਡਦਾ ਗਿਆ ਅਤੇ ਉਸਨੇ ਹਰ ਘਰ ਦੇ ਪਲੌਠੇ ਨੂੰ ਮਾਰ ਸੁੱਟਿਆ।

2) ਵਿਸ਼ਵਾਸੀਆਂ ਨੇ ਆਪਣੇ ਬੂਹਿਆਂ ਤੇ ਲੇਲੇ ਦੇ ਲਹੂ ਦਾ ਨਿਸ਼ਾਨ ਲਗਾਇਆ। ਦੂਤ ਨੇ ਲਹੂ ਵੇਖਿਆ ਅਤੇ ਅੱਗੇ ਲੰਘ ਗਿਆ।

3) ਉਨ੍ਹਾਂ ਛੇਤੀ ਵਿੱਚ ਲੇਲਾ ਖਾ ਲਿਆ। ਯਹੂਦੀ ਅੱਜ ਦੇ ਦਿਨ ਤੱਕ ਹਰ ਸਾਲ ਇਸ ਪਸਾਹ ਦੇ ਪਰਬ ਨੂੰ ਮਨਾਉਂਦੇ ਹਨ।

ਡਰਪੋਕ ਬੱਚੇ: ਯਾਦ ਕਰਕੇ ਇਸ ਕਵਿਤਾ ਨੂੰ ਮਹਿਸੂਸ ਕਰਦੇ ਹੋਏ ਮੂੰਹ ਜ਼ਬਾਨੀ ਹੌਲੀ ਹੌਲੀ ਪੜ੍ਹਨ ਜਾਂ ਇਸਦਾ ਅਲਾਪ ਕਰਨ,

*ਇਕ ਡਰਪੋਕ ਬੱਚੇ ਦੀ ਆਸ*

ਬੱਚਾ ਦੁੱਖ ਕਰਦਾ ਹੈ, ''ਮੈਂ ਸੌਂ ਨਹੀਂ ਸਕਦਾ।
ਮੇਰਾ ਦਿਲ ਡਰ ਨਾਲ ਤੇਜ਼ ਧੜਕਦਾ ਹੈ!
ਮੂਸਾ ਨੇ ਕਿਹਾ; ਅੱਜ ਦੀ ਰਾਤ ਇਹ ਹੋਵੇਗਾ।
ਮੌਤ ਦਾ ਦੂਤ ਮਿਸਰ ਦੇਸ਼ ਤੋਂ ਲੰਘੇਗਾ।

ਅਤੇ ਮੈਂ ਪਲੌਠਾ ਬੱਚਾ, ਮਰ ਜਾਵਾਂਗਾ,'
ਜਦ ਤੱਕ ਲੇਲੇ ਦਾ ਲਹੂ ਬੂਹੇ ਤੇ ਨਾ ਲੱਗੇ।
ਰਾਤ ਅਨ੍ਹੇਰੀ ਹੈ ਅਤੇ ਹੋਰ ਅਨ੍ਹੇਰੀ ਹੋ ਰਹੀ ਹੈ।
ਹਵਾ ਠੰਡੀ ਹੈ ਅਤੇ ਹੋਰ ਠੰਡੀ ਹੋ ਰਹੀ ਹੈ।
ਆਪਣੇ ਘਰ ਵਿੱਚ ਮੈਂ ਕੋਈ ਅਵਾਜ਼ ਨਹੀਂ ਸੁਣਦਾ।
ਸ਼ਾਇਦ ਅਖ਼ੀਰ ਦੂਤ ਨਹੀਂ ਆਇਆ।
ਓਹ! ਮੈਂ ਦਰਦਨਾਕ ਅਵਾਜ਼ ਸੁਣਦਾ ਹਾਂ। ਇਹ ਦੂਰੋਂ ਹੈ।
ਪਰਮੇਸ਼ੁਰ ਦਾ ਮੌਤ ਦਾ ਦੂਤ ਆ ਰਿਹਾ ਹੈ।
ਫਿਰ ਮੈਂ ਮੌਤ ਦੀ ਚਾਂਗਰ ਲਾਗੇ ਸੁਣਦਾ ਹਾਂ।
ਹਰ ਪਾਸੇ ਚੀਕਾਂ ਹਨ, ਮਿਸਰ ਦੀ ਭਾਸ਼ਾ ਵਿੱਚ (ਰੁਕੋ)
ਮੈਂ ਚੀਕਾਂ ਦੀ ਅਵਾਜ਼ ਨਹੀਂ ਸੁਣਦਾ, ਸਿਰਫ ਸਿਸਕੀਆਂ, ਰਾਤ ਵੇਲੇ ਦੂਰ ਦੂਰ ਤੱਕ।
ਮੈਂ ਜਿੰਦਾ ਹਾਂ! ਮੈਂ ਜਿੰਦਾ ਹਾਂ! ਲੇਲੇ ਦੇ ਲਹੂ ਨੇ ਮੈਨੂੰ ਜੀਵਨ ਦਿੱਤਾ ਹੈ।''

## ਤੀਜਾ ਭਾਗ

ਕਥਾਵਾਚਕ : ਸੰਖੇਪ ਵਿੱਚ ਕਹਾਣੀ ਦੇ ਤੀਜੇ ਹਿੱਸੇ ਦਾ ਖੁਲਾਸਾ ਕਰੇ

1) ਫ਼ਿਰਊਨ ਨੇ ਲੋਕਾਂ ਨੂੰ ਜਾਣ ਦਿੱਤਾ, ਪਰ ਆਪਣਾ ਮਨ ਨਾ ਬਦਲਿਆ ਅਤੇ ਆਪਣੀ ਸੈਨਾ ਨੂੰ ਉਨ੍ਹਾਂ ਦੇ ਪਿੱਛੇ ਭੇਜਿਆ।

2) ਪਰਮੇਸ਼ੁਰ ਨੇ ਲੋਕਾਂ ਦੇ ਪਾਰ ਲੰਘਣ ਲਈ ਲਾਲ ਸਮੁੰਦਰ ਵਿੱਚੋਂ ਰਸਤਾ ਖੋਲਿਆ।

3) ਜਦੋਂ ਸਿਪਾਹੀਆਂ ਨੇ ਉਨ੍ਹਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਪਾਣੀ ਵਾਪਸ ਆ ਗਿਆ ਅਤੇ ਉਨ੍ਹਾਂ ਨੂੰ ਡੁਬੋ ਦਿੱਤਾ।

ਫਿਰ ਕਹੋ, ''ਸੁਣੋ, ਮਿਸਰ ਦੇ ਘਰਾਂ ਵਿੱਚ ਪਲੌਠਿਆਂ ਦੀ ਮੌਤ ਅਤੇ ਆਖ਼ਰੀ ਬਵਾ ਤੋਂ ਬਾਅਦ ਫ਼ਿਰਊਨ ਨੇ ਕੀ ਕਿਹਾ।''

ਫ਼ਿਰਊਨ : ''ਮੇਰਾ ਪਲੌਠਾ ਪੁੱਤਰ ਮਰ ਗਿਆ ਹੈ, ਇਸ ਲਈ ਮੈਂ ਗੁਲਾਮਾਂ ਨੂੰ ਜਾਣ ਦੇਵਾਂਗਾ। ਪਰ ਹੁਣ ਮੈਂ ਆਪਣਾ ਮਨ ਬਦਲ ਲਿਆ ਹੈ। ਸਿਪਾਹੀਓ ਉਨ੍ਹਾਂ ਦਾ ਪਿੱਛਾ ਕਰੋ। ਆਪਣੇ ਘੋੜੇ ਅਤੇ ਰਥ ਲਓ। ਹਰ ਇਸਰਾਏਲੀ ਨੂੰ ਮਾਰ ਸੁਟੋ।''

ਅਦਾਕਾਰ : ਦੌੜੋ ਅਤੇ ਘੋੜੇ ਚਲਾਉਣ ਦਾ ਢੌਂਗ ਕਰੋ। ਫਿਰ ਚੀਕਾਂ ਮਾਰੋ ਕਿ ਪਾਣੀ ਵਾਪਸ ਆ ਰਿਹਾ ਹੈ। ਡਿੱਗ ਪਓ।

ਮੂਸਾ : ''ਪਵਿੱਤਰ ਪਰਮੇਸ਼ੁਰ ਦੀ ਉਸਤਤ ਕਰੋ, ਉਸਨੇ ਆਪਣੀ ਮਹਾਨ ਸ਼ਕਤੀ ਨਾਲ ਸਾਨੂੰ ਮੌਤ ਅਤੇ ਗੁਲਾਮੀ ਤੋਂ ਅਜ਼ਾਦ ਕੀਤਾ ਹੈ! ਆਮੀਨ!''

ਕਥਾਵਾਚਕ : ਹਰ ਇਕ ਦਾ ਧੰਨਵਾਦ ਕਰੇ ਜਿਨ੍ਹਾਂ ਨਾਟਕ ਵਿੱਚ ਮਦਦ ਕੀਤੀ ਹੈ।



**ਬੱਚਿਆਂ ਨੂੰ ਡੱਡੂ ਦਾ ਚਿੱਤਰ ਬਣਾਉਣ ਦਿਓ।** ਉਨ੍ਹਾਂ ਨੂੰ ਉਨ੍ਹਾਂ ਦੇ ਬਾਰੇ ਬਣਾਏ ਗਏ ਚਿੱਤਰ ਬਾਲਗਾਂ ਨੂੰ ਅਰਾਧਨਾ ਸਮੇਂ ਵਿਖਾਉਣ ਦਿਓ ਅਤੇ ਦੱਸਣ ਦਿਓ ਕਿ ਪਰਮੇਸ਼ੁਰ ਨੇ ਦੁਸ਼ਟ ਰਾਜੇ ਨੂੰ ਗੁਲਾਮਾਂ ਨੂੰ ਅਜਾਦ ਕਰਨ ਲਈ ਮਜ਼ਬੂਰ ਕੀਤਾ।

ਕਵਿਤਾ : ਕੂਚ 15:3-6 ਵਿੱਚੋਂ ਚਾਰ ਬੱਚਿਆਂ ਨੂੰ ਇਕ ਇਕ ਆਇਤ ਪੜ੍ਹਨ ਦਿਓ। ਵੱਡੇ ਬੱਚਿਆਂ ਨੂੰ ਇਸ ਵਿਸ਼ੇ ਤੇ ਕਵਿਤਾ ਲਿਖਣ ਦਿਓ ਕਿ ਪਰਮੇਸ਼ੁਰ ਨੇ ਮਸੀਹ ਦੇ ਆਉਣ ਤੋਂ 1500 ਸਾਲ ਪਹਿਲਾਂ ਆਪਣੇ ਲੋਕਾਂ ਨੂੰ ਕਿਵੇਂ ਬਚਾਇਆ।

ਜ਼ਬੂਰਾਂ ਦੀ ਪੋਥੀ 91:1 ਆਇਤ ਯਾਦ ਕਰੋ।

ਪ੍ਰਾਰਥਨਾ : ''ਪਿਆਰੇ ਪਰਮੇਸ਼ੁਰ, ਤੂੰ ਸਰਬ ਸ਼ਕਤੀਮਾਨ ਹੈਂ। ਤੂੰ ਸਾਨੂੰ ਸਭਨਾਂ ਤੋਂ ਦੁਸ਼ਟ ਰਾਜਾ, ਜਿਹੜਾ ਸ਼ੈਤਾਨ ਹੈ ਉਸ ਤੋਂ ਅਜ਼ਾਦ ਕਰਦਾ ਹੈ। ਅਸੀਂ ਤੇਰੇ ਅੱਗੇ ਬੇਨਤੀ ਕਰਦੇ ਹਾਂ ਕਿ ਯਿਸੂ ਦੇ ਸਰਬ ਸ਼ਕਤੀਮਾਨ ਨਾਮ ਵਿੱਚ ਸਾਡੇ ਮਿੱਤਰਾਂ ਨੂੰ ਵੀ ਅਜ਼ਾਦ ਕਰ। ਆਮੀਨ।''

Copyright 2004 © by Paul-Timothy. May be freely copied. Download from www.Paul-Timothy.net